# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਐਸ.ਏ.ਐਸ.ਨਗਰ।

ਹੁਕਮ ਨੰ: 10/87-14 ਅ3 (8) (ਕੋ:ਸੈ-2)
ਮਿਤੀ, ਐਸ.ਏ.ਐਸ.ਨਗਰ :- 02-02-15

ਸ੍ਰੀਮਤੀ ਗਗਨਦੀਪ ਕੌਰ, ਹਿੰਦੀ ਮਿਸਟ੍ਰੈਸ, ਸ.ਹ.ਸ ਹਸਤਕਲਾਂ, ਜ਼ਿਲ੍ਹਾ ਫਾਜ਼ਿਲਕਾ ਨੂੰ ਡਾਇਰੈਕਟਰ ਸਿਖਿਆ ਵਿਭਾਗ(ਸੈ.ਸਿ), ਪੰਜਾਬ ਦੇ ਹੁਕਮ ਨੰ: 8/11-2011 ਭ.ਸ (2) ਮਿਤੀ 09-06-2011/17-06-2011 ਰਾਹੀਂ 17 ਵੱਖ-ਵੱਖ ਨਿਰਧਾਰਤ ਸ਼ਰਤਾਂ ਤਹਿਤ ਯਕਮੁਸ਼ਤ 5400/-ਰੁਪੈ: ਪ੍ਰਤੀ ਮਹੀਨਾ ਮਿਹਨਤਾਨੇ ਤੇ ਨਿਰੋਲ ਠੇਕੇ ਦੇ ਆਧਾਰ ਤੇ ਬਤੌਰ ਹਿੰਦੀ ਮਿਸਟ੍ਰੈਸ ਜ਼ਿਲ੍ਹਾ ਫਿਰੋਜ਼ਪੁਰ (ਹੁਣ ਫਾਜ਼ਿਲਕਾ) ਵਿਖੇ ਨਿਯੁਕਤ ਕੀਤਾ ਗਿਆ ਅਤੇ ਜ਼ਿਲ੍ਹਾ ਸਿਖਿਆ ਅਫਸਰ (ਸੈ.ਸਿ), ਫਿਰੋਜ਼ਪੁਰ ਦੇ ਪੱਤਰ ਨੰ: ਅ-2/2011-1461-68 ਮਿਤੀ 21-07-11 ਰਾਹੀਂ ਸ੍ਰੀਮਤੀ ਗਗਨਦੀਪ ਕੌਰ ਨੂੰ ਬਤੌਰ ਹਿੰਦੀ ਮਿਸਟ੍ਰੈਸ ਸ.ਹ.ਸ ਹਸਤਕਲਾਂ, ਜ਼ਿਲ੍ਹਾ ਫਿਰੋਜ਼ਪੁਰ ਹੁਣ ਫਾਜ਼ਿਲਕਾ ਵਿਖੇ ਤੈਨਾਤ ਕੀਤਾ ਗਿਆ। ਕਰਮਚਾਰਨ ਮਿਤੀ 22-07-2011 ਨੂੰ ਬਤੌਰ ਹਿੰਦੀ ਮਿਸਟ੍ਰੈਸ ਹਾਜ਼ਰ ਹੋ ਗਈ। ਸ੍ਰੀਮਤੀ ਗਗਨਦੀਪ ਕੌਰ, ਹਿੰਦੀ ਮਿਸਟ੍ਰੈਸ, ਸ.ਹ.ਸ ਹਸਤਕਲਾਂ, ਜ਼ਿਲ੍ਹਾ ਫਾਜ਼ਿਲਕਾ ਮਿਤੀ 01-07-13 ਤੋਂ ਲਗਾਤਾਰ ਆਪਣੀ ਡਿਊਟੀ ਤੋਂ ਅਣਅਧਿਕਾਰਤ ਤੌਰ ਤੇ ਗੈਰ-ਹਾਜ਼ਰ ਹੈ। ਕਰਮਚਾਰਨ ਵਲੋਂ ਮਿਤੀ 25-02-14 ਨੂੰ ਈ-ਮੇਲ ਰਾਹੀਂ ਆਪਣੇ ਅਸਤੀਫੇ ਬਾਰੇ ਪ੍ਰਤੀ ਬੇਨਤੀ ਭੇਜੀ ਗਈ ਪ੍ਰੰਤੂ ਨਿਯੁਕਤੀ ਦੀ ਸ਼ਰਤ ਨੰ:10 ਅਨੁਸਾਰ " ਜੇਕਰ ਉਮੀਦਵਾਰ ਸਮੇਂ ਤੋਂ ਪਹਿਲਾਂ ਆਪਣੀ ਠੇਕੇ ਦੀ ਨਿਯੁਕਤੀ ਖਤਮ ਕਰਨ ਚਾਹੁੰਦਾ ਹੋਵੇ ਤਾਂ ਉਹ 3 ਮਹੀਨੇ ਦਾ ਨੋਟਿਸ ਦੇਵੇਗੀ ਜਾਂ 3 ਮਹੀਨੇ ਦੇ ਮਿਹਨਤਾਨੇ ਬਰਾਬਰ ਦੀ ਰਕਮ ਨਕਦ ਜਮ੍ਹਾਂ ਕਰਵਾਏਗੀ" ਪ੍ਰੰਤੂ ਕਰਮਚਾਰਨ ਨੇ ਨਾ ਤਾਂ ਤਿੰਨ ਮਹੀਨੇ ਦਾ ਨੋਟਿਸ ਦਿੱਤਾ ਅਤੇ ਨਾ ਹੀ ਤਿੰਨ ਮਹੀਨੇ ਦੀ ਤਨਖਾਹ ਜਮ੍ਹਾਂ ਕਰਵਾਈ। ਇਸ ਲਈ ਨਿਯੁਕਤੀ ਦੀ ਸ਼ਰਤ ਨੰ:10 ਦੇ ਸਨਮੁੱਖ ਸ੍ਰੀਮਤੀ ਗਗਨਦੀਪ ਕੌਰ, ਹਿੰਦੀ ਮਿਸਟ੍ਰੈਸ, ਸ.ਹ.ਸ ਹਸਤਕਲਾਂ, ਜ਼ਿਲ੍ਹਾ ਫਾਜ਼ਿਲਕਾ ਦਾ ਅਸਤੀਫਾ ਵਿਚਾਰਿਆ ਨਹੀਂ ਜਾ ਸਕਦਾ।

ਨਿਯੁਕਤੀ ਪੱਤਰ ਵਿਚ ਸ਼ਰਤ ਨੰ:8 ਤੇ ਇਹ ਸਾਫ ਰੂਪ ਵਿਚ ਦਰਜ ਹੈ ਕਿ " ਸ਼ੁਰੂ ਵਿਚ ਉਮੀਦਵਾਰ ਦੀ ਨਿਯੁਕਤੀ ਨਿਰੋਲ ਠੇਕੇ ਦੇ ਆਧਾਰ ਤੇ ਇਕ ਸਾਲ ਦੇ ਸਮੇਂ ਲਈ ਹੈ। ਇਹ ਠੇਕੇ ਤੇ ਨਿਯੁਕਤੀ ਅੱਗੇ ਇਕ ਸਾਲ ਲਈ ਹੋਰ ਵਧਾਈ ਜਾ ਸਕਦੀ ਹੈ, ਬਸ਼ਰਤੇ ਕਿ ਉਸਦਾ ਕੰਮ ਅਤੇ ਵਿਵਹਾਰ ਸਮਰੱਥ ਅਧਿਕਾਰੀ ਵਲੋਂ ਤਸੱਲੀ ਬਖਸ਼ ਪਾਇਆ ਗਿਆ ਹੋਵੇ।" ਕਰਮਚਾਰਨ ਵੱਲੋਂ ਮਿਤੀ 01-07-13 ਤੋਂ ਹੁਣ ਤੱਕ ਅਣ-ਅਧਿਕਾਰਤ ਤੌਰ ਤੇ ਗੈਰ-ਹਾਜ਼ਰ ਰਹਿ ਕੇ ਅਤੇ ਨਿਯੁਕਤੀ ਦੀਆਂ ਸ਼ਰਤਾਂ ਦੀ ਉਲੰਘਣਾ ਕਰਕੇ ਆਪਣੇ ਗੈਰ ਤਸੱਲੀਬਖਸ਼ ਕੰਮ ਅਤੇ ਵਿਵਹਾਰ ਦਾ ਸਬੂਤ ਦਿੱਤਾ ਹੈ।

ਮੈਂ ਬਲਬੀਰ ਸਿੰਘ, ਡਾਇਰੈਕਟਰ ਸਿਖਿਆ ਵਿਭਾਗ (ਸੈ.ਸਿ), ਪੰਜਾਬ ਸਮਰੱਥ ਅਧਿਕਾਰੀ ਹੋਣ ਦੇ ਨਾਤੇ ਨਿਯੁਕਤੀ ਪੱਤਰ ਵਿਚ ਦਰਜ ਸ਼ਰਤ ਨੰ: 8 ਦੇ ਸਨਮੁੱਖ ਸ੍ਰੀਮਤੀ ਗਗਨਦੀਪ ਕੌਰ, ਹਿੰਦੀ ਮਿਸਟ੍ਰੈਸ , ਸ.ਹ.ਸ ਹਸਤਕਲਾਂ, ਜ਼ਿਲ੍ਹਾ ਫਾਜ਼ਿਲਕਾ ਦੀ ਠੇਕਾ ਅਧਾਰਿਤ ਸੇਵਾਵਾਂ ਤਤਕਾਲ ਸਮੇਂ ਤੋਂ ਰੱਦ ਕਰਦਾ ਹਾਂ।

ਬਲਬੀਰ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ।

ਪਿਠ ਅੰਕਣ ਨੰ: ਉਕਤ / 3529-32 ਮਿਤੀ, ਐਸ.ਏ.ਐਸ.ਨਗਰ : 02-02-2015

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਮੰਡਲ ਸਿੱਖਿਆ ਅਫਸਰ, ਫਰੀਦਕੋਟ।
2. ਜਿਲਾ ਸਿੱਖਿਆ ਅਫਸਰ (ਸੈ:ਸਿ), ਫਾਜ਼ਿਲਕਾ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।
3. (ਰਜਿਸਟਰਡ) ਮੁੱਖ ਅਧਿਆਪਕ, ਸ.ਹ.ਸ ਹਸਤਕਲਾਂ, ਜ਼ਿਲ੍ਹਾ ਫਾਜ਼ਿਲਕਾ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਇਹ ਹੁਕਮ ਕਰਮਚਾਰਨ ਦੇ ਮੌਜੂਦਾ ਘਰ ਦੇ ਪਤੇ ਤੇ ਰਜਿਸਟਰਡ ਡਾਕ ਰਾਂਹੀ ਭੇਜੇ ਜਾਣ।
4. ਸ੍ਰੀਮਤੀ ਗਗਨਦੀਪ ਕੌਰ, ਹਿੰਦੀ ਮਿਸਟ੍ਰੈਸ , ਸ.ਹ.ਸ ਹਸਤਕਲਾਂ, ਜ਼ਿਲ੍ਹਾ ਫਾਜ਼ਿਲਕਾ।

ਸੁਪਰਡੈਂਟ ਕੋਆਰਡੀਨੇਸ਼ਨ ਸੈਲ